fraserhealth
Better health. Best in health care.

# ਫਰੇਜ਼ਰ ਹੈਲਥ ਕੋਵਿਡ-19 ਸਕੂਲ ਅਪਡੇਟ - 12-17 ਸਾਲ ਦੇ ਬੱਚਿਆਂ ਲਈ ਟੀਕਾਕਰਣ

ਪਿਛਲੇ ਵੀਰਵਾਰ ਸੂਬੇ ਨੇ 12 ਤੋਂ 17 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਟੀਕੇ ਦੀ ਰਜਿਸਟਰੇਸ਼ਨ ਖੋਲ੍ਹ ਦਿੱਤੀ ਸੀ। ਮੰਗਲਵਾਰ, 25 ਮਈ ਤੱਕ ਸਾਡੇ ਖੇਤਰ ਦੇ 12 ਤੋਂ 17 ਸਾਲ ਦੇ ਸਾਰੇ ਨੌਜਵਾਨਾਂ ਵਿੱਚੋਂ 45% ਨੇ ਰਜਿਸਟਰੇਸ਼ਨ ਮੁਕੰਮਲ ਕਰ ਲਈ ਹੈ, ਜਿਨ੍ਹਾਂ ਵਿੱਚੋਂ ਛੇ ਫੀਸਦੀ ਪਹਿਲੀ ਖੁਰਾਕ ਪ੍ਰਾਪਤ ਕਰ ਚੁੱਕੇ ਹਨ। 12+ ਵਾਲੇ ਜਿਸ ਨੌਜਵਾਨ ਨੇ ਵੀ ਅਜੇ ਤੱਕ ਰਜਿਸਟਰਡ ਨਹੀਂ ਕੀਤਾ, ਉਹਨਾਂ ਨੂੰ gov.bc.ca/getvaccinated 'ਤੇ ਜਾ ਕੇ ਤੁਰੰਤ ਅਜਿਹਾ ਕਰਨਾ ਚਾਹੀਦਾ ਹੈ।

ਅਸੀਂ ਸਕੂਲਾਂ ਵਿਚ ਨੌਜਵਾਨਾਂ ਨੂੰ ਰਜਿਸਟਰ ਕਰਾਉਣ ਬਾਰੇ ਜਾਣਕਾਰੀ ਦੇਣ ਵਿੱਚ ਤੁਹਾਡੀ ਸਹਾਇਤਾ ਲਈ ਧੰਨਵਾਦੀ ਹਾਂ। ਲੋਕਾਂ ਨੂੰ ਰਜਿਸਟਰ ਕਰਨ ਅਤੇ ਕੋਵਿਡ-19 ਟੀਕਾ ਲਗਵਾਉਣ ਲਈ ਰੁਕਾਵਟਾਂ ਨੂੰ ਦੂਰ ਕਰਨ ਲਈ ਤੁਹਾਡੇ ਵਰਗੇ ਕਮਿਊਨਟੀ ਭਾਈਵਾਲਾਂ ਨਾਲ ਕੰਮ ਕਰਨਾ ਭਾਈਚਾਰੇ ਦੀ ਇਮਿਊਨਟੀ ਵਧਾਉਣ ਵਿੱਚ ਸਾਡੀ ਮਦਦ ਕਰਨ ਵਿੱਚ ਮਹੱਤਵਪੂਰਣ ਰਿਹਾ ਹੈ। ਅਸੀਂ ਸਾਰੇ ਰਲ ਕੇ ਇਸ ਮਹਾਂਮਾਰੀ ਨੂੰ ਪਿੱਛੇ ਛੱਡਣ ਵਿੱਚ ਸਹਾਇਤਾ ਕਰ ਰਹੇ ਹਾਂ।

ਆਪਣੇ ਸਕੂਲ ਦੇ ਭਾਈਚਾਰਿਆਂ ਤੋਂ ਪ੍ਰਾਪਤ ਕੀਤੇ ਜਾ ਰਹੇ ਪ੍ਰਸ਼ਨਾਂ ਦੇ ਜਵਾਬ ਵਿੱਚ ਮਦਦ ਲਈ ਅਤੇ ਨਾਲ ਹੀ ਸਕੂਲਾਂ ਵਿੱਚ ਨੌਜਵਾਨਾਂ ਨੂੰ ਟੀਕੇ ਦੀ ਰਜਿਸਟਰੇਸ਼ਨ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਸਮੱਗਰੀ ਵਾਸਤੇ ਕਿਰਪਾ ਕਰਕੇ ਹੇਠ ਦਿੱਤੇ ਸਰੋਤ ਦੇਖੋ, ਇਸ ਵਿੱਚ ਕਲੀਨਿਕ ਲੋਕੇਸ਼ਨਾਂ ਅਤੇ ਜ਼ਰੂਰਤਮੰਦਾਂ ਲਈ ਆਵਾਜਾਈ ਸੇਵਾਵਾਂ ਦੇ ਲਿੰਕ ਸ਼ਾਮਲ ਹਨ।

**ਫਰੇਜ਼ਰ ਹੈਲਥ ਗਾਈਡ ਅਤੇ ਸਰੋਤ**

ਰਜਿਸਟਰੇਸ਼ਨ ਅਤੇ ਟੀਕਾਕਰਣ - ਤੁਹਾਨੂੰ ਕੀ ਜਾਣਨ ਦੀ ਜ਼ਰੂਰਤ ਹੈ:

- ਟੀਕਾ ਲਗਵਾਉਣਾ - ਤਿੰਨ ਆਸਾਨ ਕਦਮ: ਰਜਿਸਟਰ ਕਰੋ। ਬੁੱਕ ਕਰੋ । ਟੀਕਾ ਲਗਵਾਓ।
- ਟੀਕਾ ਰਜਿਸਟਰੇਸ਼ਨ - ਕਿਸਨੂੰ ਰਜਿਸਟਰ ਕਰਨਾ ਚਾਹੀਦਾ ਹੈ, ਕਿਉਂ ਰਜਿਸਟਰ ਕਰਨਾ ਚਾਹੀਦਾ ਹੈ, ਮੈਂ ਕਿਵੇਂ ਰਜਿਸਟਰ ਕਰ ਸਕਦਾ ਹਾਂ?
- ਆਪਣੀ ਕੋਵਿਡ-19 ਟੀਕੇ ਦੀ ਅਪੁਆਇੰਟਮੈਂਟ ਲਈ ਤਿਆਰੀ
- ਤੁਹਾਡੀ ਕੋਵਿਡ-19 ਅਪੁਆਇੰਟਮੈਂਟ ਦੌਰਾਨ
- ਕੋਵਿਡ-19 ਟੀਕਾਕਰਣ ਤੋਂ ਬਾਅਦ ਕੀ ਉਮੀਦ ਕੀਤੀ ਜਾਵੇ

ਅਨੁਵਾਦ ਇੱਥੇ ਉਪਲਬਧ ਹਨ: fraserhealth.ca/translations.

**ਲਾਈਵ ਟਾਊਨ ਹਾਲ: 12+ ਨੌਜਵਾਨਾਂ ਲਈ ਕੋਵਿਡ-19 ਟੀਕਾਕਰਨ**

ਮਾਪੇ, ਦੇਖਭਾਲ ਕਰਨ ਵਾਲੇ ਅਤੇ ਨੌਜਵਾਨਾਂ ਲਈ 3 ਜੂਨ ਨੂੰ ਟਾਊਨ ਹਾਲ ਦੀ ਮੀਟਿੰਗ ਵਿੱਚ ਸਾਡੇ ਨਾਲ ਸ਼ਾਮਲ ਹੋਵੋ, ਡਾਕਟਰ ਐਲਿਜ਼ਾਬੈਥ ਬ੍ਰੋਡਕਿਨ, ਚੀਫ ਮੈਡੀਕਲ ਹੈਲਥ ਅਫਸਰ, ਡਾ. ਸਿਨਹਾ, ਬਾਲ ਮਾਹਰ, ਅਤੇ ਐਲੀਸਨ ਐਵਰਟ, ਚਾਈਲਡ ਲਾਈਫ ਸਪੈਸ਼ਲਿਸਟ, ਸਾਨੂੰ ਨੌਜਵਾਨਾਂ ਲਈ ਕੋਵਿਡ-19 ਟੀਕਾਕਰਨ ਬਾਰੇ ਜਾਣਕਾਰੀ ਦੇਣਗੇ। ਈਵੈਂਟ ਦੇ ਵੇਰਵਿਆਂ ਦੀ ਜਾਣਕਾਰੀ ਲਈ ਜਾਓ: fraserhealth.ca/events

**ਨੌਜਵਾਨਾਂ ਲਈ ਫਾਈਟ ਦ ਫੋਮੋ (Fight the FOMO) ਟੀਕਾ ਮੁਹਿੰਮ**

ਨੌਜਵਾਨ ਬਾਲਗਾਂ ਵਿੱਚ ਟੀਕਾਕਰਨ ਨੂੰ ਉਤਸ਼ਾਹਤ ਕਰਨ ਵਿੱਚ ਸਹਾਇਤਾ ਲਈ ਅਸੀਂ ਇੱਕ ਨਵੀਂ ਸੋਸ਼ਲ-ਮੀਡੀਆ ਵੀਡੀਓ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਜਿਸਦਾ ਨਾਮ *Fight the FOMO* ਹੈ। ਰਜਿਸਟਰ ਕਰੋ, ਬੁੱਕ ਕਰੋ, ਟੀਕਾ ਲਗਵਾਓ। ਅਸੀਂ ਹੁਣ ਤੱਕ ਦੋ ਵੀਡਿਓ ਪ੍ਰਕਾਸ਼ਿਤ ਕੀਤੇ ਹਨ, ਇੱਕ ਵਿੱਚ ਪਰਿਵਾਰ ਨਾਲ ਸੰਬੰਧਿਤ ਗਤੀਵਿਧੀਆਂ (family-related activities) ਅਤੇ ਦੂਸਰੀ ਵਿੱਚ ਮਨੋਰੰਜਨ ਨਾਲ ਸੰਬੰਧਿਤ ਗਤੀਵਿਧੀਆਂ (entertainment-related activities) ਸ਼ਾਮਲ ਹਨ, ਜਿਹਨਾਂ ਨੂੰ ਨੌਜਵਾਨ ਇੱਕ ਵਾਰ ਭਾਈਚਾਰਕ ਪ੍ਰਤੀਰੋਧਤਾ ਪ੍ਰਾਪਤ ਕਰਨ ਤੋਂ ਬਾਅਦ ਵੀ ਵੇਖ

ਸਕਦੇ ਹਨ। ਆਉਣ ਵਾਲੇ ਦਿਨਾਂ ਵਿਚ ਹੋਰ ਵੀਡਿਓਜ਼ ਸ਼ਾਮਲ ਕੀਤੀਆਂ ਜਾਣਗੀਆਂ। ਤੁਸੀਂ ਸਾਡੇ ਸੋਸ਼ਲ ਮੀਡੀਆ ਚੈਨਲਾਂ Instagram, Facebook, Twitter ਅਤੇ YouTube 'ਤੇ ਇਹਨਾਂ ਨੂੰ ਵੇਖ ਅਤੇ ਸਾਂਝਾ ਕਰ ਸਕਦੇ ਹੋ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

BCCDC ਨੇ ਅਸਾਨੀ ਨਾਲ ਸਾਂਝਾ ਕਰਨ ਲਈ ਮੁੱਖ ਜਾਣਕਾਰੀ, ਪ੍ਰਸ਼ਨਾਂ ਅਤੇ ਉੱਤਰਾਂ ਲਈ ਇੱਕ ਪੀ ਡੀ ਐਫ ਸੰਖੇਪ ਦਿੱਤਾ ਹੈ: BCCDC – COVID-19 Vaccination Information – Children Aged 12-17

## ਕਲੀਨਿਕ ਲੋਕੇਸ਼ਨਾਂ, ਆਵਾਜਾਈ ਅਤੇ ਸੰਚਾਰ ਸਾਧਨ

ਕਲੀਨਿਕ ਲੋਕੇਸ਼ਨਾਂ, ਆਵਾਜਾਈ ਦੇ ਵਿਕਲਪਾਂ ਅਤੇ ਇੱਕ ਸੰਚਾਰ ਟੂਲਕਿੱਟ ਸਮੇਤ ਵਧੇਰੇ ਜਾਣਕਾਰੀ ਲਈ Fraserhealth.ca/vaccine 'ਤੇ ਜਾ ਸਕਦੇ ਹੋ, ਜਿੱਥੇ ਤੁਹਾਨੂੰ ਟੀਕੇ ਦੀ ਰਜਿਸਟਰੇਸ਼ਨ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਤਾ ਲਈ ਸਾਂਝੀਆਂ ਕਰਨ ਵਾਲੇ ਸੋਸ਼ਲ ਮੀਡੀਆ ਪੋਸਟਰ, ਫਲਾਇਰ ਅਤੇ ਪੋਸਟ ਕਾਰਡ (poster, flyer and postcard) ਮਿਲਣਗੇ।